ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ
ਐਟ ਪੰ.ਸ.ਸਿੰ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।
(ਕੋਆਰਡੀਨੇਸ਼ਨ ਸ਼ਾਖਾ)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।

ਮੀਮੋ ਨੰ. 450836/DPISE-Cord/12/2025 175071
ਮਿਤੀ: 24-06-2025

ਵਿਸ਼ਾ:- ਦੋਸ਼ੀ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੀ ਸਜਾ ਦੇ ਤੌਰ ਤੇ ਬੰਦ ਕੀਤੀਆਂ ਸਾਲਾਨਾ ਤਰੱਕੀਆਂ ਸਬੰਧੀ।

ਹਵਾਲਾ:- ਪੰਜਾਬ ਸਰਕਾਰ, ਵਿੱਤ ਵਿਭਾਗ (ਡਾਇਰੈਕਟੋਰੇਟ ਆਫ ਪਬਲਿਕ ਐਂਟਰਪ੍ਰਾਈਜਿਜ਼ ਐਂਡ ਡਿਸਇਨਵੈਸਟਮੈਂਟ) ਦਾ ਪੱਤਰ ਨੰ. FD-DPEDOMISC/7/2022-DD/3017-61 ਮਿਤੀ 16.06.2025

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ

23.06.25

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਪਿੱ.ਅੰ. ਨੰ. ਉਕਤ |2025175072-074
ਮਿਤੀ 24-06-2025

ਉਤਾਰਾ ਹੇਠ ਲਿਖਿਆ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਦਾ ਹੈ:-

1. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦ. ਡੀ.ਐਸ.ਈ. (ਸੈ/ਐ), ਪੰਜਾਬ।
2. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਡੀ.ਜੀ.ਐਸ.ਈ. ਪੰਜਾਬ।
3. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦ. ਐਸ.ਸੀ.ਈ.ਆਰ.ਟੀ. ਪੰਜਾਬ।

23.06.25

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

No: FD-DPEDOMISC/7/2022-DD/3017-61

**ਪੰਜਾਬ ਸਰਕਾਰ**

**ਵਿੱਤ ਵਿਭਾਗ**

**ਡਾਇਰੈਕਟੋਰੇਟ ਆਫ ਪਬਲਿਕ ਐਂਟਰਪ੍ਰਾਈਜਿਜ ਐਂਡ ਡਿਸਇਨਵੈਸਟਮੈਂਟ**

**ਵਿੱਤ ਤੇ ਯੋਜਨਾ ਭਵਨ, ਚੌਥੀ ਮੰਜਿਲ, ਸੈਕਟਰ 33-ਏ, ਚੰਡੀਗੜ੍ਹ ।**

ਮਿਤੀ: 16/06/2025

ਸੇਵਾ ਵਿਖੇ,

ਸਮੂਹ ਪ੍ਰਬੰਧਕੀ ਸਕੱਤਰ/ਵਧੀਕ ਮੁੱਖ ਸਕੱਤਰ/ਪ੍ਰਮੁੱਖ ਸਕੱਤਰ/ਵਿੱਤੀ ਕਮਿਸ਼ਨਰ,
ਪੰਜਾਬ ਸਰਕਾਰ ।

ਵਿਸ਼ਾ- ਦੋਸ਼ੀ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੀ ਸਜਾ ਦੇ ਤੌਰ ਤੇ ਬੰਦ ਕੀਤੀਆਂ ਸਾਲਾਨਾ ਤਰੱਕੀਆਂ ਸਬੰਧੀ ।

ਵਿਸ਼ਾ ਅੰਕਿਤ ਮਾਮਲੇ ਸਬੰਧੀ ਵਿੱਤ ਵਿਭਾਗ (ਵਿੱਤ ਪ੍ਰਸੋਨਲ -2 ਸ਼ਾਖਾ) ਦੇ ਪੱਤਰ ਨੰ. FD-FP-2010(CWP)/83/2025-1FP2/I/1119241/2025 ਮਿਤੀ 05/06/2025 (ਕਾਪੀ ਨੱਥੀ) ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

ਵਿੱਤ ਵਿਭਾਗ (ਵਿੱਤ ਪ੍ਰਸੋਨਲ -2 ਸ਼ਾਖਾ) ਦੇ ਉਕਤ ਪੱਤਰ ਮਿਤੀ 05/06/2025 ਦੀ ਕਾਪੀ ਆਪ ਜੀ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪ ਜੀ ਦੇ ਅਧੀਨ ਆਉਂਦੇ ਸਬੰਧਤ ਲੋਕ ਖੇਤਰੀ ਅਦਾਰਿਆਂ/ਬੋਰਡਾਂ/ਕਾਰਪੋਰੇਸ਼ਨਾਂ/ ਖੁਦਮੁਖਤਿਆਰ ਅਦਾਰਿਆਂ ਵਿੱਚ ਉਕਤ ਪੱਤਰ ਰਾਹੀਂ ਜਾਰੀ ਹਦਾਇਤਾਂ/ਸਪਸ਼ਟੀਕਰਣ ਦੀ ਪਾਲਣਾ(necessary compliance) ਕਰਨ ਸਬੰਧੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ ਜੀ।

ਇਹ ਪੱਤਰ ਡਾਇਰੈਕਟਰ ਡੀ.ਪੀ.ਈ.ਡੀ. ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਨੱਥੀ - ਉਪਰੋਕਤ ਅਨੁਸਾਰ ।

(ਸੁਰਿੰਦਰ ਕੌਰ)
**ਸਯੁੰਕਤ ਡਾਇਰੈਕਟਰ, ਡੀ.ਪੀ.ਈ.ਡੀ. ।**

ਨੰ. FD-DPEDOMISC/7/2022-DD/3062-3113 ਮਿਤੀ 16/06/2025

ਉਪਰੋਕਤ ਦਾ ਉਤਾਰਾ ਰਾਜ ਦੇ ਸਮੂਹ ਲੋਕ ਖੇਤਰੀ ਅਦਾਰਿਆਂ/ਬੋਰਡਾਂ/ਕਾਰਪੋਰੇਸ਼ਨਾਂ/ ਖੁਦਮੁਖਤਿਆਰ ਅਦਾਰਿਆਂ ਦੇ ਮੈਨਜਿੰਗ ਡਾਇਰੈਕਟਰ/ਮੁੱਖ ਕਾਰਜਕਾਰੀ ਅਫਸਰਾਂ ਜੀ ਨੂੰ ਉਕਤ ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਦੇ ਪੱਤਰ ਮਿਤੀ 05/06/2025 ਦੀ ਕਾਪੀ ਲੋੜੀਂਦੀ ਪਾਲਣਾ ਹਿੱਤ ਭੇਜੀ ਜਾਂਦੀ ਹੈ।

(ਸੁਰਿੰਦਰ ਕੌਰ)
**ਸਯੁੰਕਤ ਡਾਇਰੈਕਟਰ, ਡੀ.ਪੀ.ਈ.ਡੀ. ।**

ਨੰ. FD-DPEDOMISC/7/2022-DD/3114 ਮਿਤੀ 16/06/2025

ਉਪਰੋਕਤ ਦਾ ਉਤਾਰਾ ਸੁਪਰਡੰਟ, ਵਿੱਤ ਵਿਭਾਗ (ਵਿੱਤ ਪ੍ਰਸੋਨਲ -2 ਸ਼ਾਖਾ) ਨੂੰ ਉਨ੍ਹਾਂ ਦੇ ਪੱਤਰ ਨੰ. FD-FP-2010(CWP)/83/2025-1FP2/I/1119241/2025 ਮਿਤੀ 05/06/2025 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

(ਸੁਰਿੰਦਰ ਕੌਰ)
**ਸਯੁੰਕਤ ਡਾਇਰੈਕਟਰ, ਡੀ.ਪੀ.ਈ.ਡੀ. ।**

No. FD-FP-2010(CWP)/83/2025-1FP2/1/119241/2025
ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ-2 ਸ਼ਾਖਾ)

ਮਿਤੀ, ਚੰਡੀਗੜ੍ਹ: 05/06/2025

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਡਵੀਜ਼ਨਾਂ ਦੇ ਕਮਿਸ਼ਨਰ,
ਸਮੂਹ ਜਿਲਾ ਅਤੇ ਸੈਸ਼ਨ ਜੱਜ ਅਤੇ
ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਰਾਜ ਵਿੱਚ।

DDA (DPED) 09/06/25

ਵਿਸ਼ਾ : ਦੇਸ਼ੀ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੀਆਂ ਸਜ਼ਾ ਦੇ ਤੌਰ ਤੇ ਬੰਦ ਕੀਤੀਆਂ ਸਲਾਨਾ ਤਰੱਕੀਆਂ ਸਬੰਧੀ ।

ਸ੍ਰੀਮਾਨ ਜੀ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਵੱਖ ਵੱਖ ਵਿਭਾਗਾਂ ਵੱਲੋਂ Punishment and appeal Rules, 1970 ਅਧੀਨ ਕਾਰਵਾਈ ਕਰਦੇ ਹੋਏ ਦੇਸ਼ੀ ਅਧਿਕਾਰੀਆਂ/ਕਰਮਚਾਰੀਆਂ ਦੀਆਂ ਸਜ਼ਾ ਤੇ ਤੌਰ ਤੇ ਸਲਾਨਾ ਤਰੱਕੀ /ਤਰੱਕੀਆਂ ਬੰਦ ਕਰਨ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ ।

2 ਵਿਭਾਗਾਂ ਵੱਲੋਂ ਦਿੱਤੀ ਜਾਣ ਵਾਲੀ ਸਜ਼ਾ ਦੇ ਹੁਕਮਾਂ ਵਿੱਚ ਸਬੰਧਤ ਕਰਮਚਾਰੀਆਂ ਦੀਆਂ ਸਲਾਨਾ ਤਰੱਕੀਆਂ ਜਾਂ ਤਾਂ ਭਵਿੱਖੀ ਅਸਰ ਸਹਿਤ(with Cumulative effect) ਬੰਦ ਕੀਤੀਆਂ ਜਾਂਦੀਆਂ ਹਨ ਜਾਂ ਸਲਾਨਾ ਤਰੱਕੀਆਂ ਨੂੰ ਬਿਨਾ ਭਵਿੱਖ ਅਸਰ ਤੋਂ (without Cumulative effect) ਬੰਦ ਕਰਨ ਸਬੰਧੀ ਹੁਕਮ ਜਾਰੀ ਕੀਤੇ ਜਾਂਦੇ ਹਨ ।

3 ਕੁਝ ਪ੍ਰਬੰਧਕੀ ਵਿਭਾਗਾਂ ਵੱਲੋਂ ਦੇਸ਼ੀ ਅਧਿਕਾਰੀਆਂ/ਕਰਮਚਾਰੀਆਂ ਦੀਆਂ ਸਜ਼ਾ ਦੇ ਤੌਰ ਤੇ ਸਲਾਨਾ ਤਰੱਕੀਆਂ ਨੂੰ ਕੁਝ ਸਮੇਂ ਲਈ(without Cumulative effect) ਬੰਦ ਕਰਨ ਸਬੰਧੀ ਜਾਰੀ ਹੁਕਮਾਂ ਨੂੰ ਲਾਗੂ ਕਰਨ ਸਬੰਧੀ ਵਿੱਤ ਵਿਭਾਗ ਵਿੱਚ ਸੇਧ ਪ੍ਰਾਪਤ ਕਰਨ ਲਈ ਕੇਸ ਪ੍ਰਾਪਤ ਹੋ ਰਹੇ ਹਨ।

4 ਸਬੰਧਤ ਪ੍ਰਬੰਧਕੀ ਵਿਭਾਗਾਂ ਤੋਂ ਪ੍ਰਾਪਤ ਤਜਵੀਜ਼ਾਂ ਅਨੁਸਾਰ ਸਲਾਨਾ ਤਰੱਕੀਆਂ ਬੰਦ ਕਰਨ ਸਬੰਧੀ ਹੁਕਮਾਂ ਦੇ ਚਲਦੇ ਸਮੇਂ(Currency period)ਦੌਰਾਨ ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਦੀ ਰਿਟਾਇਰਮੈਂਟ(Superannuation)ਆਉਣ ਕਾਰਣ ਸਲਾਨਾ ਤਰੱਕੀ ਪੂਰੇ ਸਮੇਂ ਲਈ ਰੋਕੀ ਨਹੀ ਜਾ ਸਕੀ ਭਾਵ ਸਜ਼ਾ ਲਈ ਮਿੱਥਿਆ Currency period ਪੂਰਾ ਨਹੀ ਹੁੰਦਾ। ਉਦਾਹਰਣ ਦੇ ਤੌਰ ਤੇ ਜੇਕਰ ਕਿਸੇ ਵਿਭਾਗ ਵੱਲੋਂ ਦੇਸ਼ੀ ਅਧਿਕਾਰੀ/ਕਰਮਚਾਰੀ ਦੀ ਇੱਕ ਸਲਾਨਾ ਤਰੱਕੀ (without Cumulative effect) ਇੱਕ ਸਾਲ ਦੇ ਸਮੇਂ ਲਈ ਬੰਦ ਕਰਨ ਸਬੰਧੀ ਮਹੀਨਾ ਨਵਬੰਰ, 2023 ਵਿੱਚ ਦਫਤਰੀ ਹੁਕਮ ਜਾਰੀ ਕੀਤੇ ਗਏ ਅਤੇ ਉਸ

ਅਧਿਕਾਰੀ/ਕਰਮਚਾਰੀ ਦੀ ਸਲਾਨਾ ਤਰੱਕੀ ਜੂਨ, 2024 ਵਿੱਚ ਡਿਊ ਹੁੰਦੀ ਸੀ । ਇਸ ਤਰ੍ਹਾਂ ਇਸ ਕਰਮਚਾਰੀ ਦੀ ਸਲਾਨਾ ਤਰੱਕੀ ਜੋ ਜੂਨ,2024 ਵਿੱਚ ਡਿਊ ਸੀ,ਦਾ ਲਾਭ ਜੂਨ, 2024 ਤੋਂ ਮਈ,2025 ਤੱਕ ਨਹੀ ਦਿੱਤੀ ਜਾਣੀ ਸੀ, ਪ੍ਰੰਤੂ ਇਸ ਅਧਿਕਾਰੀ/ਕਰਮਚਾਰੀ ਦੀ ਮਿਤੀ 31.01.2025 ਨੂੰ ਰਿਟਾਇਰਮੈਂਟ ਆਉਣ ਕਾਰਣ ਉਸਦੀ ਸਲਾਨਾ ਤਰੱਕੀ ਰੋਕਣ ਦੀ ਸਜ਼ਾ ਪੂਰੇ ਸਮੇਂ (Currency period) ਲਈ ਲਾਗੂ ਨਹੀ ਹੋ ਸਕੀ ।

5 ਪ੍ਰਬੰਧਕੀ ਵਿਭਾਗਾਂ ਵੱਲੋਂ ਅਜਿਹੇ ਕੇਸਾਂ ਵਿੱਚ ਵਿੱਤ ਵਿਭਾਗ ਦੀ ਸੇਧ ਹਿਤ ਕੇਸ ਭੇਜੇ ਜਾ ਰਹੇ ਹਨ ਕਿ ਇਹਨਾ ਕੇਸਾਂ ਵਿੱਚ ਦੋਸ਼ੀ ਅਧਿਕਾਰੀਆਂ / ਕਰਮਚਾਰੀਆਂ ਦੀ ਰਿਟਾਇਰਮੈਂਟ ਸਮੇਂ ਉਸ ਦੀ ਰੋਕੀ ਹੋਈ ਸਲਾਨਾ ਤਰੱਕੀ/ਤਰੱਕੀਆਂ(without Cumulative effect) ਨੂੰ ਉਸਦੇ ਪੈਨਸ਼ਨ ਅਤੇ ਪੈਨਸ਼ਨਰੀ ਲਾਭਾਂ ਦੇ ਮੰਤਵ ਲਈ ਸ਼ਾਮਲ ਕੀਤਾ ਜਾਣਾ ਹੈ ਜਾਂ ਨਹੀ।

6 ਸਲਾਨਾ ਤਰੱਕੀ/ਤਰੱਕੀਆਂ (without Cumulative effect) ਰੋਕਣਾ ਛੋਟੀਆਂ ਸਜ਼ਾਵਾਂ ਵਿੱਚ ਸ਼ਾਮਲ ਹੈ, ਇਸ ਤਰ੍ਹਾਂ ਸਜ਼ਾ ਦੇਣ ਵਾਲੀ ਅਥਾਰਟੀ ਦੀ ਮੰਨਸ਼ਾ ਦੋਸ਼ੀ ਕਰਮਚਾਰੀ ਦੇ ਲਾਭ ਪੱਕੇ ਤੌਰ ਤੇ ਰੋਕਣ ਦੀ ਨਹੀ ਹੁੰਦੀ। ਇਸ ਲਈ ਹੁਣ ਵਿੱਤ ਵਿਭਾਗ ਵੱਲੋਂ ਅਜਿਹੇ ਕੇਸਾਂ ਸਬੰਧੀ ਫੈਸਲਾ ਲਿਆ ਹੈ ਕਿ ਜਿੱਥੇ ਕਿਸੇ ਅਜਿਹੇ ਅਧਿਕਾਰੀ/ਕਰਮਚਾਰੀ ਦੀ ਸਜ਼ਾ ਦੇ ਤੌਰ ਤੇ ਰੋਕੀ ਗਈ ਸਲਾਨਾ ਤਰੱਕੀ/ਤਰੱਕੀਆਂ (without Cumulative effect) ਦੇ ਚਲਦੇ ਸਮੇਂ (Currency period)ਦੌਰਾਨ ਉਸਦੀ ਰਿਟਾਇਰਮੈਂਟ (superannuation) ਆ ਜਾਂਦੀ ਹੈ ਤਾਂ ਉਸਦੀ ਸਜ਼ਾ ਦੇ ਤੌਰ ਤੇ ਰੋਕੀ ਹੋਈ ਸਲਾਨਾ ਤਰੱਕੀ/ਤਰੱਕੀਆਂ ਉਸਦੀ ਪੈਨਸ਼ਨ ਅਤੇ ਪੈਨਸ਼ਨਰੀ ਲਾਭਾਂ ਲਈ ਸ਼ਾਮਲ ਕਰ ਲਈ ਜਾਵੇ ਬਸ਼ਰਤੇ ਕਿ ਦੋਸ਼ੀ ਕਰਮਚਾਰੀ ਨਿਯਮਾਂ ਵਿੱਚ ਦਰਜ਼ ਬਾਕੀ ਸਾਰੀਆਂ ਸ਼ਰਤਾਂ ਪੂਰੀਆ ਕਰਦਾ ਹੋਵੇ ।

7 ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਹੜੇ ਕੇਸਾਂ ਵਿੱਚ ਦੋਸ਼ੀ ਅਧਿਕਾਰੀਆਂ/ਕਰਮਚਾਰੀਆਂ ਦੀ ਪੈਨਸ਼ਨ ਪਹਿਲਾਂ ਹੀ ਨਿਰਧਾਰਤ ਹੋ ਚੁੱਕੀ ਹੈ, ਉਹਨਾ ਕੇਸਾਂ ਨੂੰ ਮੁੜ ਖੋਲਿਆ ਨਹੀ ਜਾਵੇਗਾ। ਭੱਵਿਖ ਵਿੱਚ ਦੋਸ਼ੀ ਅਧਿਕਾਰੀਆਂ/ਕਰਮਚਾਰੀਆਂ ਦੀ ਸਜ਼ਾ ਦੇ ਤੌਰ ਤੇ ਸਲਾਨਾ ਤਰੱਕੀ/ਤਰੱਕੀਆਂ (without Cumulative effect) ਰੋਕਣ ਸਬੰਧੀ ਫੈਸਲਾ ਲੈਣ ਤੋਂ ਪਹਿਲਾਂ ਸਮਰੱਥ ਅਥਾਰਟੀ ਦੀ ਪੱਧਰ ਤੇ ਦੋਸ਼ੀ ਅਧਿਕਾਰੀ/ਕਰਮਚਾਰੀ ਦੇ ਸਰਵਿਸ ਰਿਕਾਰਡ ਨੂੰ ਘੋਖਦੇ ਹੋਏ ਸਾਰੇ ਤੱਥ ਵਾਚ ਲਏ ਜਾਣ। ਵਿੱਤ ਵਿਭਾਗ ਵੱਲੋਂ ਭਵਿੱਖ ਵਿੱਚ ਕਿਸੇ ਵੀ ਵਿਭਾਗ ਦੀ ਅਜਿਹੇ ਕੇਸਾਂ ਸਬੰਧੀ ਸੇਧ ਦੇਣ ਲਈ ਤਜਵੀਜ਼ ਸਵੀਕਾਰ ਨਹੀ ਕੀਤੀ ਜਾਵੇਗੀ ਅਤੇ ਜੇਕਰ ਸਰਕਾਰ ਨੂੰ ਅਜਿਹੇ ਕੇਸਾਂ ਵਿੱਚ ਕਿਸੇ ਕਿਸਮ ਦੀ ਕਾਨੂੰਨੀ ਅੜਚਣ ਦਾ ਸਾਹਮਣਾ ਕਰਨਾ ਪੈਂਦਾ ਹੈ ਜਾਂ ਕਿਸੇ ਕਿਸਮ ਦਾ ਵਿੱਤੀ ਨੁਕਸਾਨ ਪਹੁੰਚਦਾ ਹੈ ਤਾਂ ਉਸ ਸਬੰਧੀ ਸਜ਼ਾ ਦੇਣ ਵਾਲੀ ਅਥਾਰਟੀ ਦੀ ਨਿੱਜੀ ਜਿੰਮੇਵਾਰੀ ਹੋਵੇਗੀ ।

ਵਿਸ਼ਵਾਸ ਪਾਤਰ

(ਜਤਿੰਦਰ ਕੁਮਾਰ)
ਉਪ ਸਕੱਤਰ, ਵਿੱਤ

No. FD-FP-2010(CWP)/83/2025-1FP2/I/III 9241/2025 ਮਿਤੀ, ਚੰਡੀਗੜ੍ਹ: 05/06/2025

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ,
2. ਸਮੂਹ ਵਿੱਤੀ ਕਮਿਸ਼ਨਰਜ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ,
3. ਸਥਾਨਕ ਵਿੱਤ ਕਮਿਸ਼ਨਰ, ਪੰਜਾਬ ਭਵਨ, Copernicus Marg, ਨਵੀਂ ਦਿੱਲੀ

ਉਪ ਸਕੱਤਰ, ਵਿੱਤ

No. FD-FP-2010(CWP)/83/2025-1FP2/I/III 9241/2025 ਮਿਤੀ, ਚੰਡੀਗੜ੍ਹ: 05/06/2025

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਮਹਾਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ,
2. ਪ੍ਰਮੁੱਖ ਮਹਾਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

ਉਪ ਸਕੱਤਰ, ਵਿੱਤ

No. FD-FP-2010(CWP)/83/2025-1FP2/I/III 9241/2025 ਮਿਤੀ, ਚੰਡੀਗੜ੍ਹ: 05/06/2025

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਜਿਲ੍ਹਾ ਖਜ਼ਾਨਾ ਅਫਸਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ, ਵਿੱਤ

No. FD-FP-2010(CWP)/83/2025-1FP2/I/III 9241/2025 ਮਿਤੀ, ਚੰਡੀਗੜ੍ਹ: 05/06/2025

ਇਸ ਦਾ ਇੱਕ ਡਾਇਰੈਕਟੋਰੇਟ ਆਫ ਪਬਲਿਕ ਐਂਟਰਪ੍ਰਾਈਸਜ਼ ਅਤੇ ਡਿਸਇਨਵੈਸਟਮੈਂਟ (DPED)ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ, ਵਿੱਤ